# **Campus Parent ਦੇ ਪ੍ਰਬੰਧ ਬਾਰੇ ਹਿਦਾਇਤਾਂ**

**ਮਾਤਾ-ਪਿਤਾ:**
**ਫੋਨ:**
**ਈਮੇਲ:**
**ਰਿਸ਼ਤਾ:**

**ਮਹੱਤਵਪੂਰਣ:ਮਾਤਾ-ਪਿਤਾ/ਸਰਪ੍ਰਸਤਾਂ ਨੂੰ ਆਪਣੇ ਬੱਚੇ ਦੀ ਟ੍ਰਾਂਸਪੋਰਟੇਸ਼ਨ ਬਾਰੇ ਜਾਣਕਾਰੀ, ਮੁਫ਼ਤ ਅਤੇ ਘੱਟ ਕੀਮਤ ਵਾਲੇ ਦੁਪਹਿਰ ਦੇ ਭੋਜਨਾਂ ਲਈ ਅਰਜ਼ੀ, ਰਿਪੋਰਟ ਕਾਰਡ, ਹਾਜ਼ਰੀ, ਗ੍ਰੇਡ, ਅਧਿਅਨ-ਕੋਰਸ ਦੇ ਹਿੱਸੇ ਵਜੋਂ ਦਿੱਤਾ ਗਿਆ ਕੰਮ (ਅਸਾਈਨਮੈਂਟਾਂ) ਅਤੇ ਸਾਰੇ ਵਿਸ਼ਿਆਂ ਦੇ ਵੇਰਵੇ ਵਾਲੇ ਰਿਕਾੱਰਡ (ਟ੍ਰਾਂਸਕ੍ਰਿਪਸ਼ਨ) ਵੇਖਣ ਲਈ ਆਪਣਾ CAMPUS PARENT ਪੋਰਟਲ ਅਕਾਉਂਟ ਬਣਾਉਣਾ ਪਏਗਾ।**

ਜੇ ਤੁਸੀਂ ਪਹਿਲਾਂ ਹੀ ਆਪਣਾ ਫ੍ਰਾਂਸਿਸ ਹੋਵੈਲ Campus Parent ਅਕਾਉਂਟ ਬਣਾ ਲਿਆ ਹੈ, ਤਾਂ ਕਿਰਪਾ ਕਰਕੇ ਇਹ ਚਿੱਠੀ ਖ਼ਾਰਜ ਕਰ ਦਿਓ। ਇਹ CAMPUS STUDENT ਅਕਾਉਂਟ ਲਈ ਨਹੀਂ ਹੈ।

ਹੇਠਾਂ ਤੁਹਾਨੂੰ ਤੁਹਾਡੀ ਨਿਜੀ 'Activation Key' ('ਐਕਟੀਵੇਸ਼ਨ ਕੀ') ਮਿਲੇਗੀ, ਜਿਸ ਨਾਲ ਤੁਸੀਂ ਫ੍ਰਾਂਸਿਸ ਹੋਵੈਲ ਸਕੂਲ ਡਿਸਟ੍ਰਿਕਟ ਲਈ ਆਪਣਾ ਖ਼ੁਦ ਦਾ Campus Parent ਪੋਰਟਲ ਅਕਾਉਂਟ ਬਣਾ ਸਕੋਗੇ। ਸਾਨੂੰ ਉਮੀਦ ਹੈ ਕਿ ਆਪਣੇ ਬੱਚੇ ਦੀ ਵਿਦਿਅਕ ਤਰੱਕੀ ਦੀ ਨਿਗਰਾਨੀ ਕਰਨ ਲਈ Campus Parent ਤੁਹਾਡੀ ਮਦਦ ਕਰਨ ਵਾਸਤੇ ਇੱਕ ਲਾਹੇਵੰਦ ਟੂਲ ਬਣੇਗਾ।

**CAMPUS PARENT ਤੱਕ ਪਹੁੰਚ:**

**ਵਿਦਿਆਰਥੀ ਦਾ ਨਾਂ:**

**ਵਿਦਿਆਰਥੀ ਦੀ ID#:**

**ਗ੍ਰੇਡ:**

**Activation Key (ਐਕਟੀਵੇਸ਼ਨ ਕੀ):**

**Campus Parent ਕੀ ਹੈ?**

ਮਾਤਾ-ਪਿਤਾ ਵਲੋਂ ਫ਼ੌਰੀ, ਔਨਲਾਈਨ, ਵਿਦਿਆਰਥੀ ਦੀ ਸੁਰੱਖਿਅਤ ਜਾਣਕਾਰੀ ਤੱਕ ਪਹੁੰਚ ਕਰਨ ਲਈ Campus Parent ਸਾਡਾ ਟੂਲ ਹੈ, ਇਸ ਵਿੱਚ ਸ਼ਾਮਿਲ ਹੈ: ਟ੍ਰਾਂਸਪੋਰਟੇਸ਼ਨ, ਭੋਜਨ ਦੇ ਲਾਭ ਲਈ ਅਰਜ਼ੀਆਂ, ਕਲਾਸ ਦੇ ਪ੍ਰੋਗਰਾਮ, ਅਸਾਈਨਮੈਂਟਾਂ, ਹਾਜ਼ਰੀ, ਅਨੁਸ਼ਾਸਨ, ਅਗਲੇ ਸਾਲ ਲਈ ਕੋਰਸ-ਰਜਿਸਟ੍ਰੇਸ਼ਨ, ਰਿਪੋਰਟ ਕਾਰਡ ਅਤੇ ਟ੍ਰਾਂਸਕ੍ਰਿਪਸ਼ਨ।

Campus Parent ਮਾਤਾ-ਪਿਤਾ ਅਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਦੇ ਆਪਣੇ ਪ੍ਰੋਗਰਾਮ ਦਾ ਪਸਾਰ ਕਰਕੇ ਵਿਦਿਅਕ ਉੱਤਮਤਾ ਨੂੰ ਹੋਰ ਉਤਸਾਹ ਦੇਣ ਦਾ ਇੱਕ ਜ਼ਰੀਆ ਹੈ।

**ਕਿਹੜਾ ਸ਼ਖ਼ਸ Campus Parent ਅਕਾਉਂਟ ਬਣਾਉਣ ਦਾ ਹੱਕਦਾਰ ਹੈ?**

ਵਰਤੋਂ ਦੇ ਨੇਮਾਂ ਅਤੇ ਸ਼ਰਤਾਂ ਲਈ ਸਹਿਮਤੀ ਪ੍ਰਗਟਾਉਣ ਤੋਂ ਬਾਅਦ, ਮੌਜੂਦਾ ਵਿਦਿਆਰਥੀਆਂ ਦੇ ਮਾਤਾ-ਪਿਤਾ ਜਾਂ ਸਰਪ੍ਰਸਤ Campus Parent ਅਕਾਉਂਟ ਐਕਟੀਵੇਟ ਕਰਨ ਦੇ ਹੱਕਦਾਰ ਹਨ। ਡਿਸਟ੍ਰਿਕਟ ਆਪਣੇ ਆਪ ਹੀ ਹਰ ਸਰਗਰਮ FHSD ਵਿਦਿਆਰਥੀ ਲਈ Campus Student ਅਕਾਉਂਟ ਬਣਾਉਂਦੀ ਹੈ। ਵਿਦਿਆਰਥੀਆਂ ਦੇ ਅਕਾਉਂਟ ਸਿਰਫ਼ ਉਹਨਾਂ ਨੂੰ ਹੀ ਆਪਣੀ **ਖ਼ੁਦ** ਦੀ ਜਾਣਕਾਰੀ ਦੀ ਨਿਗਰਾਨੀ ਕਰਨ ਦਿੰਦੇ ਹਨ, ਜਦਕਿ ਮਾਤਾ/ਪਿਤਾ ਦੇ ਅਕਾਉਂਟ ਡਿਸਟ੍ਰਿਕਟ ਵਿੱਚ ਰਜਿਸਟਰਡ ਆਪਣੇ **ਸਾਰੇ** ਬੱਚਿਆਂ ਦੀ ਜਾਣਕਾਰੀ ਤੱਕ ਪਹੁੰਚ ਕਰ ਸਕਦੇ ਹਨ।

**Campus Parent ਜਾਂ Campus Student ਬਾਰੇ ਮੈਨੂੰ ਵਾਧੂ ਜਾਣਕਾਰੀ ਕਿੱਥੋਂ ਮਿਲ ਸਕਦੀ ਹੈ?**

ਤੁਹਾਨੂੰ Campus ਪੋਰਟਲ ਹੇਠ ਸਕੂਲ ਅਤੇ ਡਿਸਟ੍ਰਿਕਟ ਦੇ ਵੈਬਪੇਜਾਂ 'ਤੇ ਵਾਧੂ ਜਾਣਕਾਰੀ ਮਿਲੇਗੀ

***Using the GUID/Activation Key to Create Usernames and Passwords** (ਯੂਜ਼ਰਨੇਮ ਅਤੇ ਪਾਸਵਰਡ ਬਣਾਉਣ ਲਈ GUID/ਐਕਟੀਵੇਸ਼ਨ ਕੀ ਦੀ ਵਰਤੋਂ ਕਰਦਿਆਂ):*

ਸਿਰਫ਼ ਆਪਣਾ ਅਕਾਉਂਟ ਬਣਾਉਣ ਲਈ ਪੋਰਟਲ 'ਤੇ ਪਹਿਲੀ ਵਾਰੀ ਪਹੁੰਚ ਕਰਨ ਵਾਲੇ ਲੋਕਾਂ ਨੂੰ ਹੀ **ਐਕਟੀਵੇਸ਼ਨ ਕੀ** ਦੀ ਲੋੜ ਪੈਂਦੀ ਹੈ।

**Campus Parent Login** (**ਕੈਮਪਸ ਪੇਰੇਂਟ ਲਾੱਗਿਨ**) ਪੇਜ 'ਤੇ ਜਾਓ:

https://francishowellmo.infinitecampus.org/campus/portal/parents/francis.jsp

ਜੇ ਕਿਸੇ ਹੋਰ ਭਾਸ਼ਾ ਦੀ ਲੋੜ ਹੈ, ਤਾਂ ਵਿੰਡੋ ਹੇਠ ਦਿੱਤੀਆਂ ਗਈਆਂ ਚੋਣਾਂ 'ਤੇ ਕਲਿੱਕ ਕਰੋ, ਇਸ ਸਮੇਂ ਭਾਸ਼ਾ ਦੀ ਚੋਣ ਬਹੁਤ ਸੀਮਤ ਹੈ।







ਸਾਈਨ ਇਨ ਸਕ੍ਰੀਨ ਹੇਠ, ਤੁਹਾਨੂੰ "New User (ਨਵਾਂ ਯੂਜ਼ਰ)? " ਨਜ਼ਰ ਆਏਗਾ।

1. ਇਸ ਵਿਕਲਪ ਦੀ ਪਹਿਲੀ ਵਾਰੀ ਵਰਤੋਂ, **ਸਿਰਫ਼** ਆਪਣੇ Campus Parent ਅਕਾਉਂਟ ਤੱਕ ਪਹੁੰਚ ਕਰਨ ਅਤੇ ਅਕਾਉਂਟ ਬਣਾਉਣ ਸਮੇਂ ਕੀਤੀ ਜਾ ਸਕਦੀ ਹੈ।
2. ਉਪਲਬਧ ਕਰਾਈ ਗਈ 32-ਅੱਖਰ ਵਾਲੀ ਐਕਟੀਵੇਸ਼ਨ ਕੀ ਭਰੋ ਅਤੇ **Submit (ਸਬਮਿਟ) ਚੁਣੋ।**
3. ਐਕਟੀਵੇਸ਼ਨ ਕੀ ਦੀ ਪੁਸ਼ਟੀ ਕੀਤੀ ਜਾਏਗੀ ਅਤੇ ਫਿਰ **Username** (**ਯੂਜ਼ਰਨੇਮ**) ਅਤੇ **Password** (**ਪਾਸਵਰਡ**) ਬਣਾਉਣ ਵਾਲੀ ਸਕ੍ਰੀਨ ਸਾਹਮਣੇ ਆਏਗੀ।
4. ਵਿਲੱਖਣ ਅਤੇ ਘੱਟੋ-ਘੱਟ 5 ਅੱਖਰਾਂ ਵਾਲਾ ਲੰਮਾ **Username** (**ਯੂਜ਼ਰਨੇਮ**) ਭਰੋ ।
5. **Password** (**ਪਾਸਵਰਡ**) ਭਰੋ। ਘੱਟੋ-ਘੱਟ (8) ਅੱਖਰਾਂ ਵਾਲੇ ਲੰਮੇ ਅਲਫਾਨਿਊਮ੍ਰਿਕ (ਅੱਖਰਾਂ ਅਤੇ ਨੰਬਰਾਂ) ਦੀ ਵਰਤੋਂ ਕਰਨਾ ਇੱਕ ਵਧੀਆ ਤਰੀਕਾ ਹੈ।
6. **Verify Password** (**ਪਾਸਵਰਡ ਦੀ ਪੁਸ਼ਟੀ ਕਰੋ**) ਵਾਲੀ ਥਾਂ ਵਿੱਚ ਦੂਜੀ ਵਾਰੀ ਪਾਸਵਰਡ ਭਰੋ।
7. **Create Account** (**ਅਕਾਉਂਟ ਬਣਾਓ**) ਬਟਨ 'ਤੇ ਕਲਿੱਕ ਕਰੋ।
8. **security email address** (**ਸੁਰੱਖਿਅਤ ਈਮੇਲ ਪਤਾ**) ਭਰੋ ਅਤੇ ਆਪਣੇ ਪੋਰਟਲ ਦਾ ਨਵਾਂ ਪਾਸਵਰਡ ਫਿਰ ਤੋਂ ਭਰੋ।

**ਧਿਆਨ ਦਿਓ:** ਜੇ ਤੁਸੀਂ ਆਪਣਾ ਯੂਜ਼ਰਨੇਮ ਜਾਂ ਪਾਸਵਰਡ ਭੁੱਲ ਗਏ ਹੋ, ਤਾਂ ਉਹਨਾਂ ਨੂੰ ਰਿਕਵਰ ਕਰਨ ਵਿੱਚ ਤੁਹਾਡੀ ਮਦਦ ਕਰਨ ਲਈ ਇਸ ਸੁਰੱਖਿਅਤ ਈਮੇਲ ਪਤੇ 'ਤੇ ਲਿੰਕ ਵਾਲੀ ਇੱਕ ਈਮੇਲ ਭੇਜੀ ਜਾਏਗੀ।

**ਉਹਨਾਂ ਯੂਜ਼ਰਾਂ ਲਈ, ਜਿਹਨਾਂ ਨੇ ਆਪਣਾ Campus Parent ਐਕਟੀਵੇਟ ਕੀਤਾ ਹੋਇਆ ਹੈ, ਪਰ ਆਪਣਾ ਪਾਸਵਰਡ ਜਾਂ ਯੂਜ਼ਰਨੇਮ ਭੁੱਲ ਗਏ ਹਨ:**




- **Forgot Username?** (**ਯੂਜ਼ਰਨੇਮ ਭੁੱਲ ਗਏ ਹੋ?**) 'ਤੇ ਕਲਿੱਕ ਕਰੋ।

ਆਪਣੇ ਯੂਜ਼ਰਨੇਮ 'ਤੇ ਇੱਕ ਈਮੇਲ ਪ੍ਰਾਪਤ ਕਰਨ ਲਈ, ਆਪਣੇ ਅਕਾਉਂਟ ਦਾ ਸੁਰੱਖਿਅਤ ਈਮੇਲ ਪਤਾ ਭਰੋ।

- **Forgot Password?** (**ਪਾਸਵਰਡ ਭੁੱਲ ਗਏ ਹੋ?**) 'ਤੇ ਕਲਿੱਕ ਕਰੋ।

ਫ਼ਾਈਲ 'ਤੇ ਆਪਣੇ ਅਕਾਉਂਟ ਦੇ ਸੁਰੱਖਿਅਤ ਈਮੇਲ ਪਤੇ ਲਈ ਪਾਸਵਰਡ ਰੀਸੈਟ ਲਿੰਕ ਪ੍ਰਾਪਤ ਕਰਨ ਲਈ ਆਪਣਾ ਯੂਜ਼ਰਨੇਮ ਭਰੋ।

ਇਹ ਈਮੇਲ **infinitecampushelp@fhsdschools.org** ਤੋਂ ਆਏਗੀ।

ਜੇ ਤੁਹਾਨੂੰ ਈਮੇਲ ਨਜ਼ਰ ਨਹੀਂ ਆਉਂਦੀ, ਤਾਂ ਕਿਰਪਾ ਕਰਕੇ ਆਪਣਾ ਜੰਕ ਫ਼ੋਲਡਰ ਵੇਖੋ।

ਜੇ ਤੁਹਾਨੂੰ ਕੋਈ ਈਮੇਲ ਨਹੀਂ ਮਿਲਦੀ, ਤਾਂ ਤੁਸੀਂ help.desk@fhsdschools.org 'ਤੇ ਆਪਣੇ ਅਕਾਉਂਟ ਤੱਕ ਪਹੁੰਚ ਕਰਨ ਵਾਸਤੇ ਮਦਦ ਲਈ FHSD ਹੈਲਪ ਡੈਸਕ ਨਾਲ ਜਾਂ 636-851-HELP (4357) 'ਤੇ ਸੰਪਰਕ ਕਰ ਸਕਦੇ ਹੋ।

**Campus Parent ਅਤੇ Campus Student ਐਪਸ 'ਤੇ ਕੋਸ਼ਿਸ਼ ਕਰੋ!**